**ਭਾਈਚਾਰੇ ਸੰਬੰਧੀ ਸੇਵਾਵਾਂ ਲਈ ਸੰਯੁਕਤ ਰਾਜ ਦਾ ਨਿਆਂ ਵਿਭਾਗ (U.S. Department of Justice Community Relations Service)**

# ਪ੍ਰੋਗਰਾਮ ਮਾਰਸ਼ਲ:

## ਪ੍ਰੋਗਰਾਮਾਂ ਦੌਰਾਨ ਜਨਤਕ ਸੁਰੱਖਿਆ ਕਾਇਮ ਰੱਖਣਾ

ਭਾਈਚਾਰੇ ਸੰਬੰਧੀ ਸੇਵਾਵਾਂ ਸੀ.ਆਰ.ਐਸ. (CRS) ਲਈ ਸੰਯੁਕਤ ਰਾਜ ਦੇ ਨਿਆਂ ਵਿਭਾਗ (ਡੀ.ਓ.ਜੇ.) (DOJ) (The U.S. Department of Justice (DOJ) Community Relation Service's (CRS)) ਦਾ ਵਿਅਕਤੀਗਤ ਤੌਰ 'ਤੇ ਕਰਵਾਇਆ ਜਾਣ ਵਾਲਾ ਕੋਰਸ, ਪ੍ਰੋਗਰਾਮ *ਮਾਰਸ਼ਲ: ਪ੍ਰੋਗਰਾਮਾਂ ਦੌਰਾਨ ਜਨਤਕ ਸੁਰੱਖਿਆ ਕਾਇਮ ਰੱਖਣਾ*, ਵਿਸ਼ੇ ਦੇ ਮਾਹਰਾਂ ਦੀ ਅਗਵਾਈ ਵਿੱਚ ਹੋਣ ਵਾਲਾ ਇਹ ਕੋਰਸ, ਪ੍ਰੋਗਰਾਮ ਮਾਰਸ਼ਲਾਂ ਨੂੰ ਭਾਈਚਾਰਕ ਪ੍ਰੋਗਰਾਮਾਂ ਦੌਰਾਨ ਜਨਤਕ ਸੁਰੱਖਿਆ ਕਾਇਮ ਰੱਖਣ ਵਿੱਚ ਉਹਨਾਂ ਦੀ ਭੂਮਿਕਾ ਅਤੇ ਜ਼ੁੰਮੇਵਾਰੀਆਂ ਦੀਆਂ ਪ੍ਰਮੁੱਖ ਵਿਸ਼ੇਸ਼ਤਾਵਾਂ ਨਾਲ ਜਾਣੂ ਕਰਵਾਉਣ ਲਈ ਬਣਾਇਆ ਗਿਆ ਹੈ।

ਕਦੇ-ਕਦੇ ਭਾਈਚਾਰੇ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਵਖਰੇਵਿਆਂ ਕਾਰਨ ਤਣਾਅ ਦਾ ਸਾਹਮਣਾ ਕਰਦੇ ਹਨ, ਅਤੇ ਇਹ ਵਿਵਾਦ ਜਨਤਕ ਰੋਸ ਮੁਜ਼ਾਹਰਿਆਂ ਰਾਹੀਂ ਦਿਖਾਈ ਦੇ ਸਕਦੇ ਹਨ। ਜਦੋਂ ਇੰਝ ਹੁੰਦਾ ਹੈ, ਤਾਂ ਭਾਈਚਾਰੇ ਦੇ ਉਹ ਮੈਂਬਰ ਜੋ ਕਿ ਪ੍ਰੋਗਰਾਮ ਮਾਰਸ਼ਲਾਂ ਦੇ ਰੂਪ ਵਿੱਚ ਸਿੱਖਿਅਤ ਹਨ ਭਾਗੀਦਾਰਾਂ ਲਈ ਸੰਪਰਕ ਕਰਨ ਵਾਲੇ ਬਿੰਦੂਆਂ ਦੇ ਰੂਪ ਵਿੱਚ ਸੇਵਾ ਕਰਨ ਦੀ ਬਿਹਤਰੀਨ ਸਥਿਤੀ ਵਿੱਚ ਹੁੰਦੇ ਹਨ। ਪ੍ਰੋਗਰਾਮ ਮਾਰਸ਼ਲਾਂ ਦਾ ਉਪਯੋਗ ਜਨਤਕ ਪ੍ਰੋਗਰਾਮਾਂ ਦੌਰਾਨ ਸੁਰੱਖਿਆ ਕਾਇਮ ਰੱਖਣ ਲਈ ਇੱਕ ਮਹੱਤਵਪੂਰਨ ਅੰਗ ਹੈ। ਇਹ ਸਿਖਲਾਈ ਪ੍ਰੋਗਰਾਮ ਮਾਰਸ਼ਲਾਂ ਨੂੰ ਆਪਣੀਆਂ ਜ਼ੁੰਮੇਵਾਰੀਆਂ ਨਿਭਾਉਣ ਵਿੱਚ ਮਦਦ ਕਰਨ ਵਾਸਤੇ ਬਿਹਤਰੀਨ ਪ੍ਰਥਾਵਾਂ ਦੀ ਪੇਸ਼ਕਸ਼ ਕਰਦੀ ਹੈ।

**ਕੋਰਸ ਦੇ ਟੀਚੇ**

ਇਵੈਂਟਾਂ ਦੌਰਾਨ ਜਨਤਕ ਸੁਰੱਖਿਆ ਕਾਇਮ ਰੱਖਣ ਵਿੱਚ ਇਵੈਂਟ ਮਾਰਸ਼ਲ ਦੀ ਭੂਮਿਕਾ ਦੀ ਮਹੱਤਤਾ ਸਮਝਾਉਂਦਾ ਹੈ।

ਇਵੈਂਟ ਤੋਂ ਪਹਿਲਾਂ, ਦੌਰਾਨ, ਅਤੇ ਬਾਅਦ ਵਿੱਚ ਇਵੈਂਟ ਮਾਰਸ਼ਲ ਦੀ ਭੂਮਿਕਾ ਦੀਆਂ ਉਮੀਦਾਂ ਦਾ ਖ਼ਾਕਾ ਤਿਆਰ ਕਰ

### ਪ੍ਰੋਗਰਾਮ ਦੀ ਰੂਪ-ਰੇਖਾ




ਜਦੋਂ ਭਾਈਚਾਰਿਆਂ ਵਿੱਚ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਵਖਰੇਵਿਆਂ ਕਾਰਨ ਵਿਵਾਦ ਪੈਦਾ ਹੁੰਦੇ ਹਨ, ਤਾਂ ਹੋ ਸਕਦਾ ਹੈ ਕਿ ਜਨਤਕ ਰੋਸ ਮੁਜ਼ਾਹਰੇ ਹੋਣ, ਅਤੇ ਸੀ.ਆਰ.ਐਸ. (CRS) ਵੱਲੋਂ ਇਹ ਪੱਕਾ ਕਰਨ ਵਿੱਚ ਮਦਦ ਕੀਤੀ ਜਾਂਦੀ ਹੈ ਕਿ ਭਾਈਚਾਰੇ ਦੇ ਵਲੰਟੀਅਰ ਇੱਕ ਸੁਰੱਖਿਅਤ ਇਵੈਂਟ ਕਰਵਾਉਣ ਲਈ ਬਿਹਤਰੀਨ ਪ੍ਰਥਾਵਾਂ ਨਾਲ ਸਿੱਖਿਅਤ ਹੋਣ।

**ਪ੍ਰੋਗਰਾਮ ਮਾਰਸ਼ਲ ਕੀ ਹੁੰਦਾ ਹੈ?** ਇਹ ਪਾਠ ਪ੍ਰੋਗਰਾਮ ਮਾਰਸ਼ਲ ਦੀ ਭੂਮਿਕਾ ਦੀਆਂ ਵਿਸ਼ੇਸ਼ਤਾਵਾਂ ਦਾ ਵਰਣਨ ਕਰਦਾ ਹੈ, ਉਹ ਕੀ ਕਰਦੇ ਹਨ, ਅਤੇ ਉਹ ਕੀ ਨਹੀਂ ਕਰਦੇ।

**ਹੋਰ ਪ੍ਰਮੁੱਖ ਭਾਗੀਦਾਰ ਕੌਣ ਹਨ?** ਇਹ ਪਾਠ ਪ੍ਰੋਗਰਾਮ ਵਿੱਚ ਸ਼ਾਮਲ ਹੋਰ ਪ੍ਰਮੁੱਖ ਭਾਗੀਦਾਰਾਂ ਦੀ ਪਛਾਣ ਕਰਦਾ ਹੈ, ਜਿਸ ਵਿੱਚ ਮਾਰਸ਼ਲ ਕਪਤਾਨ ਅਤੇ ਪ੍ਰੋਗਰਾਮ ਪ੍ਰਬੰਧਕ ਸ਼ਾਮਲ ਹਨ, ਅਤੇ ਨਾਲ ਹੀ ਉਹਨਾਂ ਦੀਆਂ ਸੰਬੰਧਿਤ ਭੂਮਿਕਾਵਾਂ ਅਤੇ ਜ਼ੁੰਮੇਵਾਰੀਆਂ ਦੀ ਪਛਾਣ ਵੀ ਕਰਦਾ ਹੈ।

**ਤੁਸੀਂ ਪ੍ਰੋਗਰਾਮ ਦੀ ਤਿਆਰੀ ਕਿਵੇਂ ਕਰਦੇ ਹੋ?** ਇਹ ਪਾਠ ਪ੍ਰੋਗਰਾਮ ਮਾਰਸ਼ਲਾਂ ਦੀਆਂ ਪ੍ਰਮੁੱਖ ਗਤੀਵਿਧੀਆਂ ਬਾਰੇ ਜਾਗਰੂਕਤਾ ਫੈਲਾਂਦਾ ਹੈ ਅਤੇ ਕਿਸੇ ਵੀ ਪ੍ਰੋਗਰਾਮ ਹੋਣ ਤੋਂ ਪਹਿਲਾਂ ਦੇ ਪੜਾਅ ਨਾਲ ਜੁੜੇ ਹੋਏ ਜੋਖਮਾਂ ਬਾਰੇ ਵੀ ਦੱਸਦਾ ਹੈ।

**ਤੁਸੀਂ ਪ੍ਰੋਗਰਾਮ ਦੇ ਦੌਰਾਨ ਕੀ ਕੁਝ ਕਰਦੇ ਹੋ?** ਇਹ ਪਾਠ ਇੱਕ ਪ੍ਰੋਗਰਾਮ ਦੇ ਹਰ ਇੱਕ ਪੜਾਅ ਦੌਰਾਨ, ਜਦੋਂ ਉਹ ਪ੍ਰਗਤੀ ਵਿੱਚ ਹੋਵੇ, ਪ੍ਰੋਗਰਾਮ ਮਾਰਸ਼ਲਾਂ ਦੀਆਂ ਪ੍ਰਮੁੱਖ ਗਤੀਵਿਧੀਆਂ 'ਤੇ ਫੋਕਸ ਕਰਦਾ ਹੈ, ਜਿਸ ਵਿੱਚ ਇਕੱਠ ਕਰਨਾ, ਮਾਰਚ ਕਰਨਾ, ਰੈਲੀ ਕਰਨੀ, ਅਤੇ ਅਲੱਗ-ਅਲੱਗ ਕਰਨ ਦੇ ਪੜਾਅ ਸ਼ਾਮਲ ਹਨ।

**ਤੁਸੀਂ ਜਨਤਕ ਸੁਰੱਖਿਆ ਕਿਵੇਂ ਕਾਇਮ ਰੱਖਦੇ ਹੋ?** ਇਹ ਪਾਠ ਜਨਤਕ ਸੁਰੱਖਿਆ ਨੂੰ ਪ੍ਰਭਾਵਿਤ ਕਰਦੀਆਂ ਸੰਭਾਵੀ ਸਮੱਸਿਆਵਾਂ ਦੀ ਪਛਾਣ ਕਰਦਾ ਹੈ ਅਤੇ ਪ੍ਰੋਗਰਾਮ ਦੌਰਾਨ ਭਾਗੀਦਾਰਾਂ ਨਾਲ ਸੰਚਾਰ ਕਰਨ ਵਾਸਤੇ ਅਤੇ ਅਨੁਸ਼ਾਸਨ ਕਾਇਮ ਰੱਖਣ ਵਾਸਤੇ ਨੁਕਤੇ ਅਤੇ ਪ੍ਰੋਟੋਕੋਲ ਪ੍ਰਦਾਨ ਕਰਦਾ ਹੈ।

## ਸੀ.ਆਰ.ਐਸ. (CRS) ਬਾਰੇ

1964 ਦੇ ਨਾਗਰਿਕ ਅਧਿਕਾਰ ਅਧਿਨਿਯਮ (Civil Rights Act of 1964) ਦੇ ਸਿਰਲੇਖ X ਦੁਆਰਾ ਸਥਾਪਿਤ ਕੀਤੇ, ਸੀ.ਆਰ.ਐਸ.(CRS) ਦੀਆਂ ਸੇਵਾਵਾਂ ਦਾ ਵਿਸਤਾਰ 2009 ਦੇ ਮੈਥਿਊ ਸ਼ੈਫ਼ਰਡ ਅਤੇ ਜੇਮਸ ਬਾਯਰਡ ਜੂਨੀਅਰ, ਨਫ਼ਰਤ ਅਪਰਾਧ ਰੋਕਥਾਮ ਅਧਿਨਿਯਮ (Matthew Shepard and James Byrd, Jr., Hate Crimes Prevention Act of 2009) ਦੁਆਰਾ ਹੋਇਆ। ਸੀ.ਆਰ.ਐਸ. (CRS), ਸਯੁੰਕਤ ਰਾਜ ਦੇ ਨਿਆਂ ਵਿਭਾਗ ਦਾ ਇੱਕ ਹਿੱਸਾ, ਉਹਨਾਂ ਭਾਈਚਾਰਿਆਂ ਲਈ "ਅਮਰੀਕਾ ਦੇ ਸ਼ਾਂਤੀਦੂਤ" ਦਾ ਕੰਮ ਕਰਦਾ ਹੈ ਜੋ ਨਸਲ, ਰੰਗ, ਰਾਸ਼ਟਰੀ ਮੂਲ, ਲਿੰਗ, ਲਿੰਗ ਪਛਾਣ, ਜਿਨਸੀ ਰੁਝਾਨ, ਧਰਮ, ਅਤੇ ਅਯੋਗਤਾ ਦੇ ਆਧਾਰ 'ਤੇ ਤਣਾਅ ਜਾਂ ਵਿਵਾਦ ਦਾ ਸਾਹਮਣਾ ਕਰ ਰਹੇ ਹਨ। ਸੀ.ਆਰ.ਐਸ. (CRS) ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਸੇਵਾਵਾਂ ਦੇ ਰਾਹੀਂ, ਏਜੰਸੀ ਇਹੋ ਜਿਹੇ ਭਾਈਚਾਰਿਆਂ ਦੇ ਮੈਂਬਰਾਂ ਦੀ ਵੱਧ ਰਹੇ ਗਿਆਨ, ਸਮਝ ਅਤੇ ਬਿਹਤਰ ਅੰਦਰੂਨੀ ਸੰਚਾਰ ਰਾਹੀਂ ਸੁਤੰਤਰ ਤੌਰ 'ਤੇ ਅਤੇ ਇੱਕ ਦੂਜੇ ਨਾਲ ਸਹਿਯੋਗ ਕਰਕੇ ਭਵਿੱਖ ਵਿੱਚ ਹੋਣ ਵਾਲੇ ਵਿਵਾਦਾਂ ਨੂੰ ਰੋਕਣ ਅਤੇ ਉਹਨਾਂ ਦਾ ਹੱਲ ਕਰਨ ਦੀ ਸਮਰੱਥਾ ਨੂੰ ਵਧਾਉਂਦੀ ਹੈ।

## ਸੀ.ਆਰ.ਐਸ. (CRS) ਦੇ ਪ੍ਰੋਗਰਾਮ

ਸੀ.ਆਰ.ਐਸ. (CRS) ਵੱਲੋਂ ਤਣਾਅ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ ਲਈ ਪ੍ਰੋਗਰਾਮਾਂ ਦੀ ਇੱਕ ਲੜੀ ਪ੍ਰਦਾਨ ਕੀਤੀ ਜਾਂਦੀ ਹੈ। ਇਸ ਸਿਖਲਾਈ ਦੇ ਸਹਾਇਕ ਕੋਰਸ ਵਜੋਂ, ਸੀ.ਆਰ.ਐਸ. (CRS) ਵੱਲੋਂ ਇਹਨਾਂ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ*ਜਨਤਕ ਇਵੈਂਟਾਂ ਦੌਰਾਨ ਜੋਖਮ ਘਟਾਉਣਾ: ਸੰਕਟਕਾਲੀਨ ਯੋਜਨਾਬੰਦੀ*। ਇਹ ਪ੍ਰੋਗਰਾਮ ਅਤੇ ਹੋਰ ਸਮਝ ਪੈਦਾ ਕਰਨ, ਸਹਿਕਾਰਤਾ ਨੂੰ ਸੁਧਾਰਨ, ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਮੱਤ-ਭੇਦਾਂ ਦੀ ਰੋਕਥਾਮ ਲਈ ਵਰਤੇ ਜਾਣ ਵਾਲੇ ਟੂਲ ਹਨ। ਸੀ.ਆਰ.ਐਸ. (CRS) ਦੇ ਕਰਮਚਾਰੀ ਪੇਸ਼ਾਵਰ ਵਿਚੋਲੇ, ਸਹਾਇਕ, ਸਿੱਖਿਅਕ, ਅਤੇ ਸਲਾਹਕਾਰ ਹਨ ਜੋ ਕਿ ਭਾਈਚਾਰੇ ਦੇ ਮੈਂਬਰਾਂ ਨੂੰ ਇਕੱਠੇ ਕਰਕੇ ਉਹਨਾਂ ਦੀ ਮੌਜੂਦਾ ਵਿਵਾਦਾਂ ਦਾ ਹੱਲ ਕਰਨ ਅਤੇ ਭਵਿੱਖ ਵਿੱਚ ਹੋ ਸਕਣ ਵਾਲੇ ਵਿਵਾਦਾਂ ਦੀ ਰੋਕਥਾਮ ਕਰਨ ਦੀ ਸਮਰੱਥਾ ਨੂੰ ਹੋਰ ਵਧਾਉਣ ਵਿੱਚ ਅਨੁਭਵ ਰੱਖਦੇ ਹਨ।

### ਅਸੀਂ ਕਿੱਥੇ ਕੰਮ ਕਰਦੇ ਹਾਂ

**ਸੀ.ਆਰ.ਐਸ. (CRS) ਹੈੱਡਕੁਆਰਟਰ**
ਵਾਸ਼ਿੰਗਟਨ, ਡੀ.ਸੀ.

**ਸੀ.ਆਰ.ਐਸ. (CRS) ਦੇ ਖੇਤਰੀ ਦਫ਼ਤਰ**

**ਨਿਊ ਇੰਗਲੈਂਡ**
ਬਾਸਟਨ, ਮੈਸਾਚੂਸੇਟਸ

**ਮਿਡਵੈਸਟ**
ਸ਼ਿਕਾਗੋ, ਇੱਲੀਨਾਇ

**ਵੈਸਟਰਨ**
ਲਾਸ ਐਂਜਲਿਸ, ਕੈਲੀਫੋਰਨੀਆ

**ਨਾਰਥਈਸਟ**
ਨਿਊ ਯਾਰਕ, ਨਿਊ ਯਾਰਕ

**ਸਾਊਥਵੈਸਟ**
ਡੈਲਾਸ, ਟੈਕਸਸ

**ਨਾਰਥਵੈਸਟ**
ਸੀਐਟਲ, ਵਾਸ਼ਿੰਗਟਨ


**ਮਿਡ-ਅਟਲਾਂਟਿਕ**
ਫ਼ਿਲਾਡੈਲਫਿਆ, ਪੈਨਸਿਲਵੇਨਿਆ

**ਸੈਂਟਰਲ**
ਕੈਨਸਾਸ ਸਿਟੀ, ਮਿਜ਼ੂਰੀ

**ਸਾਊਥਈਸਟ**
ਅਟਲਾਂਟਾ, ਜਾਰਜੀਆ

**ਰੌਕੀ ਮਾਊਂਟੇਨ**
ਡੈਨਵਰ, ਕੋਲੋਰਾਡੋ

**ਸੀ.ਆਰ.ਐਸ. (CRS) ਦੇ ਫੀਲਡ ਦਫ਼ਤਰ**
ਮਿਆਮੀ, ਫਲੋਰੀਡਾ
ਡਿਟਰਾਇਟ, ਮਿੱਸ਼ੀਗਨ
ਹੂਸਟਨ, ਟੈਕਸਾਸ
ਸੈਨ ਫ੍ਰਾਂਸਿਸਕੋ, ਕੈਲੀਫੋਰਨੀਆ




**ਸਾਡੇ ਤੱਕ ਪਹੁੰਚੋ, ਅਤੇ ਸਾਡੇ ਨਾਲ ਜੁੜੋ**
www.justice.gov/crs

facebook.com/DOJCRS/
@DOJ_CRS
askcrs@usdoj.gov
202.305.2935

ਟ੍ਰੇਨਿੰਗ ਦੇ ਬਾਰੇ ਸਾਡੇ ਕਿਸੀ ਵੀ ਖੇਤਰੀ ਜਾਂ ਫੀਲਡ ਦਫ਼ਤਰ ਨਾਲ ਸੰਪਰਕ ਕਰਨ ਲਈ, ਕਿਰਪਾ ਕਰਕੇ ਇੱਥੇ ਜਾਓ:
https://www.justice.gov/crs/about-crs/regional-and-field-offices